National Research Journal of Social Sciences
Volume-11, Issue-1, January-June 2026
PP: 125-128
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਮਨੁੱਖਤਾ ਦੇ ਰਾਖੇ: ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਬਾਣੀ ਅਤੇ ਸ਼ਹਾਦਤ

**ਬਲਜੀਤ ਰੰਧਾਵਾ**

ਅਸਿਸਟੈਂਟ ਪ੍ਰੋਫੈਸਰ
ਮੁਖੀ, ਪੰਜਾਬੀ ਵਿਭਾਗ, ਸ਼ਹਿਜ਼ਾਦਾ ਨੰਦ ਕਾਲਜ, ਅੰਮ੍ਰਿਤਸਰ।

**ਸਾਰੰਸ਼:**

"ਮਨੁੱਖਤਾ ਦੇ ਰਾਖੇ : ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਬਾਣੀ ਅਤੇ ਸ਼ਹਾਦਤ" ਖੋਜ ਪੱਤਰ ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ, ਉਪਦੇਸ਼ ਅਤੇ ਸ਼ਹਾਦਤ ਦਾ ਵਿਸਤ੍ਰਿਤ ਅਧਿਐਨ ਪੇਸ਼ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ, ਧਾਰਮਿਕ ਆਜ਼ਾਦੀ ਅਤੇ ਸੱਚ ਦੀ ਰੱਖਿਆ ਲਈ ਆਪਣੇ ਸੀਸ ਦਾ ਬਲਿਦਾਨ ਦੇ ਕੇ ਵਿਸ਼ਵ ਇਤਿਹਾਸ ਵਿੱਚ ਇਕ ਅਦੁੱਤੀ ਮਿਸਾਲ ਕਾਇਮ ਕੀਤੀ। ਉਨ੍ਹਾਂ ਦਾ ਜੀਵਨ ਤਪ, ਤਿਆਗ, ਨਿਰਭੈਤਾ, ਸਹਿਨਸ਼ੀਲਤਾ ਅਤੇ ਪਰਮਾਤਮਾ ਨਾਲ ਅਡੋਲ ਜੁੜਾਅ ਦਾ ਪ੍ਰਤੀਕ ਹੈ।ਇਸ ਅਧਿਐਨ ਵਿੱਚ ਗੁਰੂ ਜੀ ਦੇ ਆਧਿਆਤਮਿਕ ਚਿੰਤਨ ਨੂੰ ਉਨ੍ਹਾਂ ਦੀ ਬਾਣੀ ਨਾਲ ਜੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਜਿਸਦਾ ਕੇਂਦਰੀ ਤੱਤ ਨਾਮ-ਸਿਮਰਨ, ਅਹੰਕਾਰ-ਰਹਿਤ ਜੀਵਨ, ਸੰਸਾਰਿਕ ਮੋਹ ਤੋਂ ਉਪਰ ਉਠਣਾ ਅਤੇ ਮਨੁੱਖੀ ਗੁਣਾਂ ਦੀ ਪ੍ਰਤੀਪਾਲਨਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਅੰਤਰਮੁਖੀ ਬਣਨ, ਸਹਜ ਅਵਸਥਾ ਪ੍ਰਾਪਤ ਕਰਨ ਅਤੇ ਪਰਮਾਤਮਾ ਨਾਲ ਨਿਰੰਤਰ ਜੁੜੇ ਰਹਿਣ ਦਾ ਮਾਰਗ ਦਰਸਾਉਂਦੀ ਹੈ।ਗੁਰੂ ਜੀ ਦੀ ਸ਼ਹਾਦਤ ਸਿਰਫ ਕਿਸੇ ਇੱਕ ਧਰਮ ਦੀ ਰੱਖਿਆ ਤੱਕ ਸੀਮਿਤ ਨਹੀਂ ਰਹੀ, ਸਗੋਂ ਇਹ ਸਮੂਹ ਮਨੁੱਖਤਾ ਦੇ ਮੂਲ ਅਧਿਕਾਰਾਂ ਅਤੇ ਧਾਰਮਿਕ ਸਵਤੰਤਰਤਾ ਦੀ ਰੱਖਿਆ ਲਈ ਸੀ। ਔਰੰਗਜ਼ੇਬ ਦੀ ਜ਼ਬਰਦਸਤੀ ਧਾਰਮਿਕ ਨੀਤੀ ਦਾ ਨਿਡਰਤਾ ਨਾਲ ਵਿਰੋਧ ਕਰਕੇ ਗੁਰੂ ਜੀ ਨੇ ਸੱਚ, ਇਨਸਾਫ ਅਤੇ ਸਹਿਨਸ਼ੀਲਤਾ ਦਾ ਅਮਰ ਸੰਦੇਸ਼ ਦਿੱਤਾ। ਇਹ ਖੋਜ ਪੱਤਰ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਸਿੱਖ ਧਰਮ ਦੇ ਗੁਰੂ ਹੀ ਨਹੀਂ, ਬਲਕਿ ਪੂਰੀ ਮਨੁੱਖਤਾ ਦੇ ਰਾਖੇ ਵਜੋਂ ਪ੍ਰਸਤੁਤ ਕਰਦਾ ਹੈ।

**ਮੁੱਖ ਸ਼ਬਦ:**

ਗੁਰੂ ਤੇਗ ਬਹਾਦਰ ਜੀ, ਸ਼ਹਾਦਤ, ਧਾਰਮਿਕ ਆਜ਼ਾਦੀ, ਮਨੁੱਖਤਾ, ਨਾਮ-ਸਿਮਰਨ, ਸਹਿਨਸ਼ੀਲਤਾ, ਬਾਣੀ

ਗੁਰੂ ਤੇਗ ਬਹਾਦਰ ਜੀ ਮਨੁੱਖਤਾ ਤੇ ਧਰਮ ਦੇ ਰਾਖੇ, ਪ੍ਰੇਮ ਭਗਤੀ ਦੇ ਪੁੰਜ, ਦੇਗ-ਤੇਗ ਅਤੇ ਤਿਆਗ ਦੀ ਮੂਰਤ,ਸ਼ਾਂਤੀ ਦੇ ਪ੍ਰਤੀਕ ਵਜੋਂ ਸੰਸਾਰ ਭਰ ਵਿੱਚ ਸਤਿਕਾਰ ਦੇ ਪਾਤਰ ਹਨ। ਉਨ੍ਹਾਂ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਨਿਆਂ ਦੀ ਰੱਖਿਆ ਦੀ ਮਿਸਾਲ ਹੈ। ਇਸੇ ਲਈ ਗੁਰੂ ਜੀ ਨੂੰ ਵਿਸ਼ਵ ਇਤਿਹਾਸ ਦੇ ਸਭ ਤੋਂ ਪ੍ਰੇਰਕ ਆਧਿਆਤਮਿਕ ਤੇ ਮਹਾਨ ਵਿਅਕਤੀਆਂ ਵਿਚੋਂ ਮੰਨਿਆ ਜਾਂਦਾ ਹੈ।ਦੀਵਾਨ ਸਿੰਘ ਆਪਣੀ ਕਿਤਾਬ 'ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ' ਵਿੱਚ ਲਿਖਦੇ ਹਨ ;

> "ਉਨ੍ਹਾਂ ਦੇ ਜੀਵਨ ਵਿੱਚ ਭਗਤੀ ਤੇ ਸ਼ਕਤੀ, ਭਾਵ ਤੇ ਚਿੰਤਨ, ਵਿਚਾਰ ਤੇ ਵਿਵੇਕ, ਤਪ ਤੇ ਤਿਆਗ,ਸੰਜਮ ਤੇ ਧੀਰਜ,ਸੇਵਾ ਤੇ ਸਾਧਨਾ,ਸੱਚ ਤੇ ਇਮਾਨਦਾਰੀ,ਸਾਹਸ ਤੇ ਵੀਰਤਾ,ਨਿਰਮਲਤਾ ਤੇ ਨਿਰਭੈਤਾ ਆਦਿ ਗੁਣਾਂ ਦਾ ਅਜਿਹਾ ਸੰਗਮ ਹੈ,ਜਿਸ ਤੋਂ ਉਪਜੀ ਉਨ੍ਹਾਂ ਦੀ ਸੰਸਕ੍ਰਿਤਿਕ ਚੇਤਨਾ ਨੇ ਉਨ੍ਹਾਂ ਦੇ ਸਾਰੇ ਜੀਵਨ ਨੂੰ ਅਤਿ ਮਹਾਨ ਬਣਾ ਦਿੱਤਾ ਹੈ।" (1)

ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਹਰਿ ਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਘਰ ਪੰਜ ਵਿਸਾਖ ਸੰਮਤ 1678 ਮੁਤਾਬਕ 1 ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਹੋਇਆ।ਆਪ ਜੀ ਦੇ ਚਾਰ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਨੀ ਰਾਏ ਜੀ ਤੇ ਬਾਬਾ ਅਟੱਲ ਜੀ ਅਤੇ ਇਕ ਭੈਣ ਬੀਬੀ ਵੀਰੋ ਸੀ। ਆਪ ਨੇ ਆਪਣੇ ਪਿਤਾ ਜੀ ਦੀ ਨਿਗਰਾਨੀ ਹੇਠ ਵਿੱਦਿਆ ਤੇ ਸਿਖਲਾਈ ਪ੍ਰਾਪਤ ਕੀਤੀ। ਮਾਰਚ 1644 ਈ: ਵਿੱਚ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਵਿੱਚ ਅਕਾਲ ਚਲਾਣਾ ਕਰ ਗਏ। ਉਹਨਾਂ ਨੇ ਆਪਣੀ ਗੱਦੀ ਆਪਣੇ ਪੋਤਰੇ ਗੁਰੂ ਹਰਿ ਰਾਏ ਸਾਹਿਬ, ਜੋ ਕਿ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ, ਨੂੰ ਦੇ ਦਿੱਤੀ। ਉਸ ਸਮੇਂ ਗੁਰੂ ਸਾਹਿਬ ਮਾਤਾ ਨਾਨਕੀ ਜੀ ਅਤੇ ਪਤਨੀ ਮਾਤਾ ਗੁਜਰੀ ਜੀ ਨਾਲ ਬਾਬੇ ਬਕਾਲੇ ਆ ਗਏ ਅਤੇ ਇਥੇ ਹੀ ਲਗਭਗ 26 ਸਾਲ ਭੋਰੇ ਵਿੱਚ ਬੈਠ ਕੇ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹੇ। ਗੁਰੂ ਹਰਿ ਰਾਏ ਜੀ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਜੀ ਗੁਰਗੱਦੀ ਤੇ ਬੈਠੇ ਅਤੇ 30 ਮਾਰਚ 1664 ਨੂੰ ਦਿੱਲੀ ਵਿੱਚ ਜੋਤੀ-ਜੋਤ ਸਮਾਂ ਗਏ।ਗੁਰੂ ਹਰਿਕ੍ਰਿਸ਼ਨ ਜੀ ਨੇ ਬਿਮਾਰੀ ਦੀ ਹਾਲਤ ਵਿੱਚ ਹੀ ਸੰਗਤਾਂ ਨੂੰ ਗੱਦੀ ਦੇ ਅਗਲੇ ਵਾਰਸ ਦਾ ਬਾਬਾ ਬਕਾਲੇ ਵਿੱਚ ਹੋਣ ਬਾਰੇ ਕਿਹਾ। ਸੰਗਤਾਂ ਨੇ ਨੌਵੇਂ ਪਾਤਸ਼ਾਹ ਨੂੰ ਲੱਭਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ।ਬਕਾਲੇ ਵਿੱਚ ਗੱਦੀ ਦੇ ਝੂਠੇ ਦਾਵੇਦਾਰਾਂ ਦੀਆਂ 22 ਮੰਜੀਆਂ ਡੱਠ ਗਈਆਂ। ਮੱਖਣ ਸ਼ਾਹ ਲੁਬਾਣੇ ਨੇ ਆਪਣੀ ਸਿਆਣਪ ਸਦਕਾ ਗੁਰੂ ਤੇਗ ਬਹਾਦਰ ਜੀ ਨੂੰ 22 ਭੇਖੀ ਗੁਰੂਆਂ ਵਿਚੋ ਲੱਭ ਲਿਆ। ਉਸ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਉਮਰ 43 ਵਰ੍ਹਿਆਂ ਦੀ ਸੀ। ਗੁਰੂ ਸਾਹਿਬ ਸੰਗਤਾਂ ਨੂੰ ਪਰਮਾਤਮਾ ਦੀ ਬੰਧਗੀ ਕਰਨ ਦਾ ਉਪਦੇਸ਼ ਦੇ ਰਹੇ ਸਨ। ਆਪ ਕਈ ਪਿੰਡਾਂ ਵਿੱਚੋਂ ਹੁੰਦੇ ਹੋਏ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਮਸੰਦਾਂ ਨੇ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰਵਾ ਦਿੱਤੇ। ਉਸ ਸਮੇਂ ਹਰਿਮੰਦਰ ਸਾਹਿਬ ਦਾ ਸਾਰਾ ਪ੍ਰਬੰਧ ਮਸੰਦ ਵੇਖ ਰਹੇ ਸਨ ਅਤੇ ਇਹ ਮਸੰਦ ਹਰਿਮੰਦਰ ਸਾਹਿਬ ਦੀ ਆਮਦਨ ਵਿੱਚੋਂ ਬਹੁਤ ਸਾਰਾ ਰੁਪਈਆ ਆਪ ਖਾ ਰਹੇ ਸਨ ਤੇ ਉਹਨਾਂ ਨੂੰ ਡਰ ਸੀ ਕਿ ਜੇ ਕਿਤੇ ਗੁਰੂ ਸਾਹਿਬ ਇੱਥੇ ਟਿਕ ਗਏ ਤਾਂ ਉਹਨਾਂ ਦੀ ਰੋਜ਼ੀ ਰੋਟੀ ਨੂੰ ਖਤਰਾ ਹੋ ਜਾਵੇਗਾ। ਇਸ ਲਈ ਉਹਨਾਂ ਨੇ ਦਰਵਾਜ਼ੇ ਨਹੀਂ ਖੋਲੇ।


© Copyright @ Authors

ਗੁਰੂ ਜੀ ਕਾਫੀ ਸਮਾਂ ਦਰਵਾਜੇ ਖੁੱਲਣ ਦੀ ਉਡੀਕ ਕਰਦੇ ਰਹੇ ਪਰ ਦਰਵਾਜ਼ੇ ਬੰਦ ਹੀ ਰਹੇ ਫਿਰ ਇੱਕ ਮਾਈ ਦੇ ਬੇਨਤੀ ਕਰਨ ਤੇ ਗੁਰੂ ਸਾਹਿਬ 'ਵੱਲੇ' ਚਲੇ ਗਏ ਤੇ ਇੱਥੇ ਸੰਗਤਾਂ ਨੂੰ ਪਰਮਾਤਮਾ ਦਾ ਨਾਮ ਜੱਪਣ ਦੇ ਲਈ ਪ੍ਰੇਰਿਤ ਕਰਦੇ ਰਹੇ ਅਤੇ ਸੰਗਤਾਂ ਦੁਆਰਾ ਗੁਰੂ ਸਾਹਿਬ ਨੂੰ ਫਿਰ ਹਰਿਮੰਦਰ ਸਾਹਿਬ ਵਿੱਚ ਦਰਸ਼ਨ ਦੇਣ ਦੀ ਬੇਨਤੀ ਕਰਨ ਤੇ ਗੁਰੂ ਸਾਹਿਬ ਹਰਿਮੰਦਰ ਸਾਹਿਬ ਵੱਲ ਚੱਲ ਪਏ। ਗੁਰੂ ਜੀ ਦੇ ਨਾਲ ਬਹੁਤ ਜਿਆਦਾ ਸੰਗਤ ਹੋਣ ਕਰਕੇ ਇਹ ਮਸੰਦ ਲੋਕ ਡਰ ਗਏ ਅਤੇ ਦਰਵਾਜ਼ੇ ਖੋਲ ਦਿੱਤੇ। ਕੁਝ ਸਮਾਂ ਗੁਰੂ ਸਾਹਿਬ ਜੀ ਇੱਥੇ ਬਤੀਤ ਕਰਕੇ ਫਿਰ ਕੀਰਤਪੁਰ ਸਾਹਿਬ ਵੱਲ ਤੁਰ ਪਏ। ਦੂਸਰੇ ਪਾਸੇ ਔਰੰਗਜ਼ੇਬ ਦਾ ਜ਼ੁਲਮ ਦਿਨੋ- ਦਿਨ ਵੱਧਦਾ ਜਾ ਰਿਹਾ ਸੀ , ਉਹ ਹਿੰਦੂਆਂ ਨੂੰ ਮੁਸਲਮਾਨ ਬਣਨ ਦੇ ਲਈ ਮਜਬੂਰ ਕਰ ਰਿਹਾ ਸੀ।ਉਹ ਹਿੰਦੂਆਂ 'ਤੇ ਮੁਸਲਮਾਨਾਂ ਤੋਂ ਵੱਧ ਟੈਕਸ ਲਗਾ ਕੇ ਤੰਗ ਵੀ ਕਰ ਰਿਹਾ ਸੀ। ਕਸ਼ਮੀਰੀ ਪੰਡਿਤ ਔਰੰਗਜ਼ੇਬ ਦੇ ਇਹੋ ਜਿਹੇ ਜ਼ੁਲਮਾਂ ਤੋਂ ਤੰਗ ਆ ਚੁੱਕੇ ਸਨ। ਦੂਸਰੇ ਪਾਸੇ ਗੁਰੂ ਅਰਜਨ ਸਾਹਿਬ ਜੀ ਦੁਆਰਾ ਦਿੱਤੀ ਸ਼ਹੀਦੀ ਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤਲਵਾਰ ਦਾ ਸਭ ਨੂੰ ਪਤਾ ਸੀ। ਕਸ਼ਮੀਰੀ ਪੰਡਤਾਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਸੀ ਕਿ ਹੁਣ ਉਨ੍ਹਾਂ ਦੇ ਧਰਮ ਦੀ ਰੱਖਿਆ ਸਿਰਫ ਗੁਰੂ ਤੇਗ ਬਹਾਦਰ ਜੀ ਦੁਆਰਾ ਹੀ ਕੀਤੀ ਜਾ ਸਕਦੀ ਹੈ।ਉਹਨਾਂ ਨੇ ਮੁਸਲਮਾਨਾਂ ਦੀ ਗੱਲ ਮੰਨਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੇ ਨਾਲ ਆਪਣੀ ਗੱਲ ਸਾਂਝੀ ਕਰਨ ਨੂੰ ਤਰਜ਼ੀਹ ਦਿੱਤੀ।ਗੁਰੂ ਸਾਹਿਬ ਨੇ ਔਰੰਗਜ਼ੇਬ ਦੁਆਰਾ ਮੁਸਲਮਾਨ ਧਰਮ ਕਬੂਲ ਕਰਨ ਦੀ ਗੱਲ ਨੂੰ ਨਾ ਮੰਨਿਆ। ਜਿਸ 'ਤੇ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਵੀ ਸ਼ਹੀਦ ਕਰਵਾ ਦਿੱਤਾ।

ਜੇ ਦੇਖਿਆ ਜਾਵੇ ਤਾਂ ਗੁਰੂ ਸਾਹਿਬ ਨੇ ਆਪਣਾ ਪੂਰਾ ਜੀਵਨ ਮਨੁੱਖਤਾ ਦੇ ਹਿੱਤ ਲਈ ਸਮਰਪਿਤ ਕਰ ਦਿੱਤਾ।ਗੁਰੂ ਜੀ ਦੀ ਸ਼ਹਾਦਤ ਇਸ ਗੱਲ ਨੂੰ ਹੋਰ ਵੀ ਦ੍ਰਿੜ ਕਰਦੀ ਹੈ ਕਿ ਉਹਨਾਂ ਨੇ ਕਿਸੇ ਇੱਕ ਧਰਮ ਦੀ ਰੱਖਿਆ ਹੀ ਨਹੀਂ ਕੀਤੀ,ਸਗੋਂ ਸਾਰੇ ਧਰਮਾਂ ਤੇ ਕੌਮਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕੁਰਬਾਨੀ ਦਿੱਤੀ। ਕਮਜ਼ੋਰ, ਪੀੜਤ ਤੇ ਜ਼ੁਲਮ ਦੇ ਸ਼ਿਕਾਰ ਲੋਕਾਂ ਦੇ ਕਮਜ਼ੋਰ ਮਨੋਬਲ ਨੂੰ ਉੱਚਾ ਚੁੱਕਣ ਲਈ ਔਰੰਗਜ਼ੇਬ ਵਰਗੇ ਜ਼ੁਲਮੀ ਤੇ ਕਠੋਰ ਰਾਜੇ ਵਿਰੁੱਧ ਲੜਾਈ ਲੜੀ।ਜਦੋਂ ਮੁਗਲ ਹਕੂਮਤ ਪੂਰੇ ਜ਼ੋਰਾਂ ਤੇ ਸੀ,ਉਸ ਸਮੇਂ ਗੁਰੂ ਜੀ ਨਿਡਰ ਹੋ ਕੇ ਸੱਚ ਅਤੇ ਇਨਸਾਫ ਦੇ ਰਾਹ 'ਤੇ ਅਡੋਲ ਖੜ੍ਹੇ ਰਹੇ।ਦਿੱਲੀ ਪਹੁੰਚ ਕੇ ਔਰੰਗਜ਼ੇਬ ਦੇ ਜ਼ੁਲਮ ਤੇ ਧਾਰਮਿਕ ਨੀਤੀ ਦਾ ਖੰਡਨ ਕਰਨਾ ਅਤੇ ਇਸਲਾਮ ਕਬੂਲ ਕਰਨ ਦੀ ਜ਼ਬਰਦਸਤੀ ਵਾਲੀ ਮੰਗ ਨੂੰ ਅਸਵੀਕਾਰ ਕਰਨਾ ਅਤੇ ਆਪਣਾ ਸੀਸ ਭੇਟ ਕਰਨਾ, ਮਨੁੱਖੀ ਇਤਿਹਾਸ ਵਿੱਚ ਇੱਕ ਅਦੁਤੀ ਤੇ ਦਿਸ਼ਾ ਬਦਲਾਓ ਘਟਨਾ ਬਣ ਗਈ। ਗੁਰੂ ਜੀ ਦੀ ਕੁਰਬਾਨੀ ਮਨੁੱਖ ਨੂੰ ਇਹ ਸਿਖਾਉਂਦੀ ਹੈ ਕਿ ਸੱਚ ਦੀ ਰਾਹ ਤੇ ਚੱਲਣ ਵਾਲਾ ਮਨੁੱਖ ਕਿਸੇ ਵੀ ਤਾਕਤ ਤੋਂ ਨਹੀਂ ਡਰਦਾ।

ਤਿਲੁ ਨਾ ਤਾਮਨੁ ਤਿਆਗਿਓ ਕਰਿ ਸੀਸੁ ਦਾਨ॥ (2)

ਭਾਵ ਇਹ ਕਿ ਜਦੋਂ ਧਰਮ ਦੀ ਰੱਖਿਆ ਦੀ ਗੱਲ ਆਈ ਤਾਂ ਗੁਰੂ ਸਾਹਿਬ ਨੇ ਇਕ ਤਿਲ ਜਿੰਨਾ ਵੀ ਆਪਣਾ ਵਿਚਾਰ ਨਹੀਂ ਛੱਡਿਆ ਅਤੇ ਧਰਮ ਲਈ ਸੀਸ ਦੇ ਦਿੱਤਾ। ਇਸ ਪ੍ਰਕਾਰ ਗੁਰੂ ਸਾਹਿਬ ਦੀ ਸ਼ਹੀਦੀ ਧਾਰਮਿਕ ਸਹਿਣਸ਼ੀਲਤਾ, ਮਨੁੱਖੀ ਹੱਕਾਂ ਦੀ ਰੱਖਿਆ ਤੇ ਜ਼ੁਲਮ ਦੇ ਵਿਰੁੱਧ ਅਡੋਲ ਖੜ੍ਹੇ ਰਹਿਣਾ ਸਿਖਾਉਂਦੀ ਹੈ।

ਗੁਰੂ ਸਾਹਿਬ ਆਪਣੀ ਬਾਣੀ ਵਿੱਚ ਮਨੁੱਖ ਨੂੰ ਇਹ ਸਮਝਾਉਣ ਦਾ ਯਤਨ ਕਰਦੇ ਹਨ ਕਿ ਇਹ ਸੰਸਾਰ ਜਿਵੇਂ ਦਿਸਦਾ ਹੈ, ਉਵੇਂ ਹੈ ਨਹੀਂ। ਸੰਸਾਰ ਇੱਕ ਮਿੱਥਿਆ ਹੈ, ਇਹ ਨਾਸ਼ਵਾਨ ਹੈ ਤੇ ਇਸ ਨੂੰ ਤਾਂ ਹੀ ਪਾਰ ਕੀਤਾ ਜਾ ਸਕਦਾ ਹੈ ਜੇ ਪ੍ਰਭੂ ਦਾ ਨਾਮ ਸਿਮਰਨ ਕੀਤਾ ਜਾਵੇ। ਅਸਲ ਵਿੱਚ ਸਿਮਰਨ ਹੀ ਮਨੁੱਖ ਨੂੰ ਡਰ,ਦੁੱਖ, ਮੋਹ, ਅਹੰਕਾਰ ਅਤੇ ਸੰਸਾਰਿਕ ਬੰਧਨਾਂ ਤੋਂ ਪਾਰ ਲੰਘਾਉਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਆਪਣੇ ਦਿਲ ਵਿੱਚੋਂ ਮੌਤ ਦਾ ਡਰ ਕੱਢ ਕੇ ਅਤੇ ਪਰਮਾਤਮਾ ਨਾਲ ਜੁੜ ਕੇ ਸਦਾ ਲਈ ਅਮਰ ਹੋ ਜਾਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਇੱਕ ਚਾਨਣ ਮੁਰਾਰੇ ਦੀ ਨਿਆਈ ਹੈ, ਜਿਸ ਤੋਂ ਮਨੁੱਖ ਗਿਆਨ ਰੂਪੀ ਰੌਸ਼ਨੀ ਦੀ ਕਿਰਨ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਪ੍ਰਕਾਸ਼ਵਾਨ ਕਰਨ ਦਾ ਯਤਨ ਕਰਦਾ ਹੈ। ਪਰਮਾਤਮਾ ਦਾ ਨਾਮ- ਸਿਮਰਨ ਹੀ ਮਨ ਨੂੰ ਅਡੋਲ ਬਣਾਉਂਦਾ ਹੈ।

ਜਗ ਮਹਿ ਉਤਮੁ ਕਾਢੀਐ ਸਿਮਰਿ ਨਾਮੁ ਹਰਿ ਰੰਗਿ॥ (3)

ਭਾਵ ਇਹ ਕਿ ਨਾਮ ਸਿਮਰਨ ਦੁਆਰਾ ਹੀ ਮਨੁੱਖ ਦੁਨਿਆਵੀ ਜੀਵਾਂ ਵਿੱਚ ਉੱਪਰਲੀ ਗਿਣਤੀ ਵਿੱਚ ਆ ਸਕਦਾ ਹੈ।

ਗੁਰੂ ਸਾਹਿਬ ਆਪਣੀ ਬਾਣੀ ਵਿੱਚ ਬਾਰ- ਬਾਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਮਨੁੱਖ ਨੂੰ ਹਮੇਸ਼ਾ ਪਰਮਾਤਮਾ ਦੇ ਨਾਮ ਦਾ ਓਟ- ਆਸਰਾ ਲੈਣਾ ਚਾਹੀਦਾ ਹੈ। ਪਰਮਾਤਮਾ ਦੇ ਨਾਮ- ਸਿਮਰਨ ਨਾਲ ਦੁਰਮਤਿ ਦਾ ਨਾਸ਼ ਹੋ ਜਾਂਦਾ ਹੈ ਅਤੇ ਨਿਰਬਾਣ ਪਦਵੀ ਪ੍ਰਾਪਤ ਹੋ ਜਾਂਦੀ ਹੈ।

ਰੇ ਮਨ ਓਟ ਲੇਹੁ ਹਰਿ ਨਾਮਾ॥

ਜਾ ਕੇ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥੧॥ ਰਹਾਉ॥ (4)

ਗੁਰੂ ਜੀ ਨੇ ਨਾਮ ਸਿਮਰਨ ਨੂੰ ਹੀ ਆਪਣੇ ਅਧਿਆਤਮਕ ਚਿੰਤਨ ਅਤੇ ਉਪਦੇਸ਼ ਦਾ ਧੁਰਾ ਬਣਾਇਆ ਤੇ ਮਨੁੱਖਤਾ ਨੂੰ ਵੀ ਪਰਮਾਤਮਾ ਦਾ ਨਾਮ- ਸਿਮਰਨ ਕਰਨ ਲਈ ਪ੍ਰੇਰਿਆ।ਪਰਮਾਤਮਾ ਦਾ ਨਾਮ ਜੱਪਣਾ ਹੀ ਸਭ ਤੋਂ ਵਧੀਆ ਕਰਮ ਅਤੇ ਧਰਮ ਹੈ। ਉਹਨਾਂ ਅਨੁਸਾਰ ਇਹ ਸਾਰਾ ਸੰਸਾਰ ਨਾਸ਼ਵਾਨ ਹੈ। ਇਸ ਲਈ ਸੰਸਾਰਕ ਪਦਾਰਥਾਂ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ।

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਣ ਗਾਵੈ॥

ਅਉਰ ਸਗਲ ਜਗੁ ਮਾਇਆ ਮੋਹਿਆ, ਨਿਰਭੈ ਪਦੁ ਨਹੀਂ ਪਾਵੈ॥੩॥੮॥ (5)


© Copyright @ Authors

ਗੁਰੂ ਜੀ ਨੇ ਆਪਣੇ ਤੋਂ ਪਹਿਲਾਂ ਦੀ ਗੁਰਮਤਿ ਵਿਚਾਰਧਾਰਾ ਵਿੱਚ ਆਏ ਨਾਮ-ਸਿਮਰਨ ਸੰਬੰਧੀ ਵਿਚਾਰਾਂ ਦਾ ਸਮਰਥਨ ਕੀਤਾ ਅਤੇ ਉਸੇ ਪਰੰਪਰਾ ਦੇ ਅਧਾਰ 'ਤੇ ਪਰਮਾਤਮਾ ਦੀ ਬੰਦਗੀ ਅਤੇ ਸਾਧ- ਸੰਗਤ 'ਤੇ ਜ਼ੋਰ ਦਿੱਤਾ। ਗੁਰੂ ਜੀ ਨੇ ਮਨੁੱਖਤਾ ਨੂੰ ਇਸ ਗੱਲ ਦਾ ਭਲੀਭਾਂਤ ਉਪਦੇਸ਼ ਦਿੱਤਾ ਕਿ ਉਹ ਪਰਮਾਤਮਾ ਬਾਹਰ ਕਿਤੇ ਨਹੀਂ, ਬਲਕਿ ਮਨੁੱਖ ਦੇ ਹਿਰਦੇ ਵਿੱਚ ਹੀ ਹੈ ਪਰਮਾਤਮਾ ਦੇ ਗੁਣ ਕੰਨਾਂ ਰਾਹੀਂ ਸੁਣ ਕੇ, ਜੀਭ ਰਾਹੀਂ ਗਾ ਕੇ, ਧਿਆਨ ਉਸ ਪਰਮਾਤਮਾ ਵਿੱਚ ਲਗਾ ਕੇ, ਉਸ ਪਰਮਾਤਮਾ ਨੂੰ ਪਾ ਸਕਦੇ ਹਾਂ। ਮਨੁੱਖ ਨੂੰ ਅਨੁਭਵ ਦੁਆਰਾ ਆਪਣੇ ਹਿਰਦੇ ਵਿੱਚ ਨਾਮ ਵਸਾਉਣਾ ਚਾਹੀਦਾ ਹੈ , ਪਰਮਾਤਮਾ ਨੂੰ ਹਮੇਸ਼ਾ ਆਪਣੇ ਅੰਗ- ਸੰਗ ਮੰਨ ਕੇ ਉਸਦੇ ਹੁਕਮ ਅਨੁਸਾਰ ਜੀਵਨ ਜਿਓ ਕੇ, ਨਾਮ ਜੱਪ ਕੇ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ।ਭਗਤੀ ਕਰਕੇ ਹੀ ਮਨੁੱਖ ਆਪਣੇ ਸ਼ੰਕਿਆਂ ਦੀ ਨਿਵਿਰਤੀ ਕਰ ਸਕਦਾ ਹੈ;

ਭਗਤ ਬਿਨਾ ਸਹਸਾ ਨਹ ਚੂਕੈ॥

ਗੁਰੁ ਇਹੁ ਭੇਦੁ ਬਤਾਵੈ॥ ਰਹਾਉ॥ (6)

ਗੁਰੂ ਸਾਹਿਬ ਹਮੇਸ਼ਾਂ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਇਸੇ ਲਈ ਆਪ ਇਕਾਂਤ ਵਿੱਚ ਰਹਿਣਾ ਵਧੇਰੇ ਪਸੰਦ ਕਰਦੇ ਸਨ। ਜਦ ਵੀ ਕਿਸੇ ਨੇ ਗੁਰੂ ਜੀ ਨਾਲ ਵਧੀਕੀ ਕੀਤੀ ਤਾਂ ਗੁਰੂ ਜੀ ਨੇ ਉਸਨੂੰ ਮੁਆਫ ਵੀ ਕਰ ਦਿੱਤਾ। ਬਿਕਰਮ ਸਿੰਘ ਘੁੰਮਣ ਗੁਰੂ ਜੀ ਦੀ ਸ਼ਖਸੀਅਤ ਬਾਰੇ ਆਪਣੀ ਪੁਸਤਕ "ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ" ਵਿੱਚ ਲਿਖਦੇ ਹਨ;

> ਇਥੋਂ ਤੱਕ ਕਿ ਜਦੋਂ ਮੱਖਣ ਸ਼ਾਹ ਲੁਬਾਣਾ ਤੇ ਉਨ੍ਹਾਂ ਦੇ ਸਾਥੀ ਧੀਰਮਲ ਪਾਸੋਂ ਗੁਰੂ ਜੀ ਦਾ ਲੁੱਟਿਆ ਹੋਇਆ ਮਾਲ ਮੋੜ ਲਿਆਏ ਤਾਂ ਗੁਰੂ ਜੀ ਨੇ ਉਸੇ ਵੇਲ਼ੇ ਹੀ ਸਭ ਕੁਝ ਵਾਪਸ ਕਰ ਦਿੱਤਾ। ਅਜਿਹਾ ਖਿਮਾ ਭਰਪੂਰ ਵਤੀਰਾ ਹੀ ਆਪ ਨੇ ਅੰਮ੍ਰਿਤਸਰ ਦੇ ਪੁਜਾਰੀ ਸੇਵਕਾਂ ਨਾਲ ਅਤੇ ਕੀਰਤਪੁਰ ਤੇ ਸ਼ਰੀਕ ਸੋਢੀਆਂ ਨਾਲ ਕੀਤਾ। (7)

ਗੁਰੂ ਤੇਗ ਬਹਾਦਰ ਜੀ ਵੀ ਹਮੇਸ਼ਾਂ ਗੁਰੂ ਨਾਨਕ ਦੇਵ ਜੀ ਵਾਂਗ ਲੋਕਾਂ ਦੇ ਦੁੱਖ-ਦਰਦ ਸੁਣਦੇ ਅਤੇ ਉਹਨਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਦੇ।ਜਦੋਂ ਲੋਕ ਸਮੇਂ ਦੀ ਹਕੂਮਤ ਤੋਂ ਪਰੇਸ਼ਾਨ ਹੋ ਕੇ ਗੁਰੂ ਜੀ ਪਾਸ ਆਏ ਅਤੇ ਆਪਣੇ ਦੁੱਖਾਂ ਬਾਰੇ ਦੱਸਿਆ ਤਾਂ ਗੁਰੂ ਸਾਹਿਬ ਨੇ ਉਹਨਾਂ ਨੂੰ ਸਾਰੀਆਂ ਫਿਕਰਾਂ ਦੇ ਚਿੰਤਾ ਛੱਡ ਕੇ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ।

ਗੁਰੂ ਸਾਹਿਬ ਮਨੁੱਖ ਨੂੰ ਪਰਮਾਤਮਾ ਦੇ ਦੱਸੇ ਸਹੀ ਮਾਰਗ 'ਤੇ ਚੱਲਣ ਵਾਸਤੇ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ 'ਤੇ ਜ਼ੋਰ ਦਿੰਦੇ ਹਨ। ਸਭ ਤੋਂ ਪਹਿਲਾਂ ਮਨੁੱਖ ਨੂੰ ਆਪਣੇ ਹੰਕਾਰ ਦਾ, ਹਉਮੈ ਦਾ ਨਾਸ਼ ਕਰਨਾ ਚਾਹੀਦਾ ਹੈ, ਕਿਉਂਕਿ ਮਨੁੱਖੀ ਮਨ ਵਿੱਚ ਹੰਕਾਰ ਆਉਣ ਤੇ ਉਹਦੇ ਸਾਰੇ ਗੁਣ ਖਤਮ ਹੋ ਜਾਂਦੇ ਹਨ। ਦੇਖਿਆ ਜਾਵੇ ਤਾਂ ਜੀਵ ਆਤਮਾ ਨੂੰ ਕੁਰਾਹੇ ਪਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਮਨੁੱਖੀ ਲੋਭ, ਮੋਹ ਤੇ ਹੰਕਾਰ ਦਾ ਹੀ ਰਿਹਾ ਹੈ। ਜਿਹੜੀਆਂ ਜੀਵ- ਆਤਮਾਵਾਂ ਲੋਭ, ਮੋਹ ਤੇ ਹੰਕਾਰ ਉੱਤੇ ਕਾਬੂ ਪਾ ਲੈਂਦੀਆਂ ਹਨ, ਉਹ ਪਰਮਾਤਮਾ ਦੇ ਬੜੇ ਨੇੜੇ ਹੋ ਜਾਂਦੀਆਂ ਹਨ। ਮਨੁੱਖ ਦਾ ਕੁਰਾਹੇ ਪੈਣ ਦਾ ਸਭ ਤੋਂ ਵੱਡਾ ਕਾਰਨ ਮਨੁੱਖੀ ਮਨ ਵਿੱਚ ਤ੍ਰਿਸ਼ਨਾ ਦਾ ਹੋਣਾ ਹੈ। ਮਨੁੱਖ ਦੁਨਿਆਵੀ ਚੀਜ਼ਾਂ ਨੂੰ ਪਾਉਣ ਵਿਚ ਏਨਾ ਵਿਅਸਤ ਹੋ ਜਾਂਦਾ ਹੈ ਕਿ ਉਹ ਪਰਮਾਤਮਾ ਦਾ ਨਾਮ-ਜੱਪਣਾ ਹੀ ਭੁੱਲ ਜਾਂਦਾ ਹੈ। ਪਰਮਾਤਮਾ ਦੁਆਰਾ ਦੱਸੇ ਸੱਚ ਦੇ ਮਾਰਗ ਉੱਤੇ ਉਨ੍ਹੀਂ ਦੇਰ ਨਹੀਂ ਚੱਲਿਆ ਜਾ ਸਕਦਾ, ਜਿੰਨ੍ਹੀ ਦੇਰ ਤੱਕ ਮਨੁੱਖੀ ਮਨ ਵਿੱਚੋਂ ਤ੍ਰਿਸ਼ਨਾ, ਲੋਭ, ਮੋਹ ਤੇ ਹੰਕਾਰ ਆਦਿ ਦਾ ਖਾਤਮਾ ਨਹੀਂ ਹੋ ਜਾਂਦਾ।

ਗੁਰੂ ਸਾਹਿਬ ਨੇ ਆਪਣੀ ਬਾਣੀ ਵਿੱਚ ਮਨੁੱਖੀ ਮਨ ਲਈ ਕਈ ਪ੍ਰਸ਼ਨ ਚੁੱਕੇ ਹਨ। ਮਨੁੱਖੀ ਮਨ ਹਰ ਸਮੇਂ ਪਰੇਸ਼ਾਨ ਰਹਿੰਦਾ ਹੈ। ਦੇਖਿਆ ਜਾਵੇ ਤਾਂ ਇਹ ਸੰਸਾਰ ਨਾਸ਼ਵਾਨ ਹੈ, ਚਲਾਏ ਮਾਨ ਹੈ, ਇਹ ਕਿਸੇ ਦੇ ਕਾਬੂ ਆਉਣ ਵਾਲਾ ਨਹੀਂ। ਇਸੇ ਮਨ ਕਰਕੇ ਹੀ ਮਨੁੱਖੀ ਵਿਚਾਰਾਂ ਵਿੱਚ ਚੰਗੇ ਜਾਂ ਮਾੜੇ ਖਿਆਲ ਸ਼ਾਮਿਲ ਹੁੰਦੇ ਹਨ;

ਸਾਧੋ ਇਹ ਮਨੁ ਗਹਿਓ ਨ ਜਾਈ॥

ਚਚੋਲ ਤ੍ਰਿਸ਼ਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥੧॥ਰਹਾਉ॥ (8)

ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਪੂਰਾ ਜੀਵਨ ਮਨੁੱਖਤਾ, ਧਾਰਮਿਕ ਆਜ਼ਾਦੀ, ਸਹਿਨਸ਼ੀਲਤਾ ਅਤੇ ਸੱਚਾਈ ਦੀ ਰਾਹ ‘ਤੇ ਟਿਕੇ ਰਹਿਣ ਦੀ ਮਿਸਾਲ ਹੈ। ਉਨ੍ਹਾਂ ਦੀ ਬਾਣੀ ਮਨੁੱਖ ਨੂੰ ਨਾਮ-ਸਿਮਰਨ, ਅਹੰਕਾਰ-ਰਹਿਤ ਜੀਵਨ, ਸਹਜ, ਸੰਤੋਖ ਅਤੇ ਪਰਮਾਤਮਾ ਨਾਲ ਜੋੜਦੀ ਹੈ। ਗੁਰੂ ਜੀ ਦੀ ਸ਼ਹਾਦਤ ਕਿਸੇ ਇੱਕ ਧਰਮ ਦੀ ਨਹੀਂ, ਸਗੋਂ ਸਾਰੇ ਧਰਮਾਂ ਅਤੇ ਸਮੂਹ ਮਨੁੱਖਤਾ ਦੇ ਅਧਿਕਾਰਾਂ ਦੀ ਰੱਖਿਆ ਲਈ ਸੀ। ਉਨ੍ਹਾਂ ਦਾ ਸੀਸ-ਬਲਿਦਾਨ ਧਾਰਮਿਕ ਆਜ਼ਾਦੀ ਦੇ ਇਤਿਹਾਸ ਵਿੱਚ ਇੱਕ ਅਦੁਤੀ ਅਤੇ ਬੇਮਿਸਾਲ ਘਟਨਾ ਹੈ, ਜੋ ਮਨੁੱਖਤਾ ਨੂੰ ਪਰਮਾਤਮਾ ਦਾ ਨਾਮ-ਸਿਮਰਨ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ।

ਇਸ ਲੇਖ ਵਿੱਚ ਗੁਰੂ ਜੀ ਦੇ ਜੀਵਨ, ਬਾਣੀ, ਉਪਦੇਸ਼ ਅਤੇ ਸ਼ਹਾਦਤ ਨੂੰ ਸਮੇਟਣ ਦਾ ਯਤਨ ਕੀਤਾ ਗਿਆ ਹੈ, ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਗੁਰੂ ਤੇਗ ਬਹਾਦਰ ਜੀ ਸਿਰਫ ਸਿੱਖ ਧਰਮ ਦੇ ਹੀ ਨਹੀਂ, ਸਗੋਂ ਪੂਰੀ ਮਨੁੱਖਤਾ ਦੇ ਹੱਕਾਂ ਦੇ ਰੱਖਵਾਲੇ ਹਨ।

### ਹਵਾਲੇ ਤੇ ਟਿੱਪਣੀਆਂ:

1. ਦੀਵਾਨ ਸਿੰਘ ਸਤਿੰਦਰ ਸਿੰਘ (ਸੰਪਾ) ਗੁਰੂ ਤੇਗ ਬਹਾਦਰ ਚਿੰਤਨ,ਕਲਾ ਤੇ ਬਾਣੀ ; ਪੰਨਾ ਨੰਬਰ: 80


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

2. "ਗੁਰੂ ਗ੍ਰੰਥ ਸਾਹਿਬ" ; ਅੰਗ ਨੰਬਰ - 1427
1. 3. "ਗੁਰੂ ਗ੍ਰੰਥ ਸਾਹਿਬ" ; ਅੰਗ ਨੰਬਰ - 1426
3. "ਗੁਰੂ ਗ੍ਰੰਥ ਸਾਹਿਬ" ; ਰਾਮਕਲੀ,ਅੰਗ ਨੰਬਰ - 901
4. "ਗੁਰੂ ਗ੍ਰੰਥ ਸਾਹਿਬ" ; ਅੰਗ ਨੰਬਰ - 220
5. "ਗੁਰੂ ਗ੍ਰੰਥ ਸਾਹਿਬ" ; ਬਿਲਾਵਲ; ਅੰਗ ਨੰਬਰ - 830
6. ਬਿਕਰਮ ਸਿੰਘ ਘੁੰਮਣ : ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ ; ਪੰਨਾ ਨੰਬਰ- 42-43
7. "ਗੁਰੂ ਗ੍ਰੰਥ ਸਾਹਿਬ" ; ਅੰਗ ਨੰਬਰ - 219
8. ਉਹੀ, ਅੰਗ ਨੰਬਰ-219


© Copyright @ Authors